ISSN : 2395-4132

# THE EXPRESSION

## An International Multidisciplinary e-Journal

**Bimonthly Refereed & Indexed Open Access e-Journal**

The Expression Journal

Impact Factor 6.4

**Vol. 9 Issue 1 February 2023**

Editor-in-Chief : Dr. Bijender Singh

Email : editor@expressionjournal.com

www.expressionjournal.com

The Expression: An International Multidisciplinary e-Journal
(A Peer Reviewed and Indexed Journal with Impact Factor 6.4)
www.expressionjournal.com ISSN: 2395-4132

# ਭਗਤ ਰਵਿਦਾਸ ਬਾਣੀ ਵਿੱਚ ਮੁਕਤੀ (ਬੇਗਮਪੁਰੇ) ਦਾ ਸਕੰਲਪ: ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇਸ਼ ਸਦੰਰਭ ਵਿੱਚ

ਡਾ. ਗੁਰਜੀਤ ਸਿੰਘ
ਐਸੋਸੀਏਟ ਪ੍ਰੋਫੈਸਰ
ਹੈੱਡ ਆਫ ਡਿਪਾਰਟਮੈਂਟ, ਰਿਲੀਜੀਅਸ ਸਟੱਡੀਜ
ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸ ਐਂਡ ਹਿਊਮਨਿਟੀਜ
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ

::::::::::::::::::::::::::::::::::::::::::::::::::::::::::::::::::::::::::::::::::::::::::::::::::::::

## Abstract

ਭਗਤ ਰਵਿਦਾਸ ਜੀ ਦੇ ਸਮੇਂ ਸਮਕਾਲੀ ਸਮਾਜ ਵਿਚ ਧਾਰਮਿਕ, ਸਮਾਜਿਕ, ਰਾਜਨੀਤਿਕ ਪੱਧਰ ਤੋਂ ਆਈ ਗਿਰਾਵਟ ਕਾਰਨ ਬਹੁਤ ਦੂਸ਼ਤ ਹੋ ਚੁੱਕਾ ਸੀ, ਇਕ ਪਾਸੇ ਹਿੰਦੂ ਸਮਾਜ ਜਾਤ-ਪਾਤ, ਕਰਮ-ਕਾਂਡ, ਰੂੜੀਵਾਦੀ ਵਿਚਾਰਾਂ ਕਾਰਨ ਬਹੁਦੇਵ-ਵਾਦ ਪੂਜਾ, ਫੋਕਟ ਰਸਮਾਂ ਵਿੱਚ ਉਲਝਾਇਆ ਹੋਇਆ ਸੀ। ਦੂਜੇ ਪਾਸੇ ਇਸਲਾਮ ਦੀ ਕੱਟੜ ਤੇ ਸਾਮਰਾਜੀ ਨੀਤੀ ਕਾਰਨ ਭਾਰਤੀ ਅਵਾਮ ਦੀ ਇੱਜਤ-ਪਤ, ਮਾਣ-ਮਰਿਯਾਦਾ ਰੋਲਣਾ, ਬ੍ਰਾਹਮਣਾ ਮੌਲਾਣਿਆ ਦੇ ਫਤਵਿਆ ਦਾ ਆਮ ਜਨਤਾ ਨੂੰ ਸਾਹਮਣਾ ਕਰਨਾ ਪੈ ਰਿਹਾ ਸੀ। ਭਗਤ ਰਵਿਦਾਸ ਜੀ ਨੇ ਇਸ ਸਾਰੇ ਕੁੱਝ ਦੇ ਵਿਰੋਧ ਵਿਚ ਆਪਣੀ ਬੁਲੰਦ ਆਵਾਜ ਵਿਚ ਇਕ ਨਵੀਂ ਵਿਚਾਰਧਾਰਾ ਦਾ ਨਵਾਂ ਮਾਡਲ ਜਨਤਾ ਦੇ ਸਾਹਮਣੇ ਰੱਖਕੇ ਇਸ ਸਥਾਪਿਤ ਨਿਯਮਾ ਦਾ ਜਿੱਥੇ ਸਮਾਜਿਕ ਰੂਪ ਵਿਚ ਵਿਰੋਧ ਕਰਦੇ ਹਨ ਉਥੇ ਅਧਿਆਤਮਿਕ ਪੱਖ ਤੋਂ ਅਨੰਦ, ਖੁਸ਼ੀਆਂ-ਖੇੜਿਆ ਭਰਭੂਰ ਸ਼ਾਂਤ ਜੀਵਨ ਦਾ ਮਾਡਲ ਸਥਾਪਿਤ ਕੀਤਾ, ਅਤੇ ਵਿਆਪਕ ਸਮਕਾਲੀ ਸਰੋਕਾਰਾਂ ਨੂੰ ਮਨਫ਼ੀ ਕਰਕੇ ਇੱਕ ਨਵੇਂ ਸਮਾਜ ਦੀ ਨਕਸ਼-ਨਿਗਾਰੀ ਕੀਤੀ ਜੋ ਕੂੜ ਦੇ ਸਰੋਕਾਰਾ ਵਿਚ ਸੱਚ ਵਜੋਂ ਸਾਹਮਣੇ ਆਇਆ ਤੇ ਇਸੇ ਨੂੰ ਆਪ ਨੇ ਬੇਗਮਪੁਰਾ ਪ੍ਰਮਾਰਥ ਦੀ ਸਮੁੱਚੇ ਸ਼ਹਿਰ ਦੀ ਤਸ਼ਵੀਰ ਪੇਸ਼ ਕੀਤੀ। ਜਿਸ ਦੈਵੀ ਸ਼ਹਿਰ ਦੇ ਵਾਸੀ ਅਧਿਆਤਮਕ ਸੁਰਤੀ-ਬਿਰਤੀ ਵਾਲੇ ਜਗਿਆਸੂ, ਤ੍ਰੈਗੁਣੀ ਰਚਨਾ ਦੇ ਫ਼ਿਕਰ ਅੰਦੇਸਿਆ ਤੋਂ ਉੱਪਰ ਉਠਕੇ ਰੂਹ-ਰੂਹਾਨੀ ਮੰਡਲ ਵਿਚ ਵਿਚਰਦੀ ਹੈ ਤਾਂ ਉਹ ਅਲੋਕਿਕ ਅਹਿਸਾਸ ਨੂੰ ਹੰਢਾਉਦੀ ਹੈ। ਬੇਗਮਪੁਰੇ ਦੇ ਆਤਮਿਕ ਮੰਡਲ ਵਿਚ ਵਸੇ ਹੋਣ ਕਾਰਨ ਗਮ-ਫਿਕਰ, ਦੁਖਾਂ-ਚਿੰਤਾਵਾਂ, ਜਾਤਾਂ-ਪਾਤਾਂ, ਰੰਗ-ਨਸਲਾਂ, ਕੋਮਾਂ-ਮਜ਼ਬਾਂ, ਵਿਸ਼ੇ-ਵਿਕਾਰਾਂ ਤੋਂ ਦੂਰ ਨਿਰਮਲ ਗਿਆਨ ਦੀ ਵਿਚਾਰ-ਧਾਰਾ ਵਿਚ ਸਦਗੁਣ ਧਾਰਨ ਕਰਕੇ ਪਰਮਆਨੰਦ, ਪਰਮ-ਪ੍ਰਕਾਸ਼, ਨਿਰਵੈਰਤਾ ਦੇ ਆਲਮ ਵਿਚ ਅਨੰਦ ਸ਼ਾਂਤੀ ਅਡੋਲਤਾ ਦਾ ਅਹਿਸਾਸ ਹੀ ਮਨੁੱਖ ਜੀਵਨ ਦਾ ਅੰਤਿਮ ਮੁਕਾਮ ਹੀ ਰੂਹਾਨੀ ਤਰੱਕੀ ਦਾ ਸਿਖ਼ਰ ਹੀ ਅਸਲ ਬੇਗਮਪੁਰਾ ਹੈ।ਇਸ ਤਰ੍ਹਾਂ ਸਭ ਪ੍ਰਕਾਰ ਦੇ ਦੁਨੀਆਵੀ ਜੀਵਨ ਬੰਧਨਾ ਤੋਂ ਮੁਕਤ ਹੋਣਾ ਹੀ ਜੀਵਨ-ਮੁਕਤੀ ਹੈ।

**Keywords**
ਗੁਰੂ ਗ੍ਰੰਥ ਸਾਹਿਬ, ਭਗਤ ਰਵਿਦਾਸ, ਗਮ-ਫਿਕਰ, ਜਾਤਾਂ-ਪਾਤਾਂ, ਰੰਗ-ਨਸਲਾਂ, ਕੋਮਾਂ-ਮਜ਼ਬਾਂ, ਪਰਮ-ਪ੍ਰਕਾਸ਼।

::::::::::::::::::::::::::::::::::::::::::::::::::::::::::::::::::::::::::::::::::::::::::::::::::::::

The Expression: An International Multidisciplinary e-Journal
(A Peer Reviewed and Indexed Journal with Impact Factor 6.4)
www.expressionjournal.com ISSN: 2395-4132

# ਭਗਤ ਰਵਿਦਾਸ ਬਾਣੀ ਵਿੱਚ ਮੁਕਤੀ (ਬੇਗਮਪੁਰੇ) ਦਾ ਸਕੰਲਪ: ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇਸ਼ ਸਦੰਰਭ ਵਿੱਚ

ਡਾ. ਗੁਰਜੀਤ ਸਿੰਘ
ਐਸੋਸੀਏਟ ਪ੍ਰੋਫੈਸਰ
ਹੈੱਡ ਆਫ ਡਿਪਾਰਟਮੈਂਟ, ਰਿਲੀਜੀਅਸ ਸਟੱਡੀਜ
ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸ ਐਂਡ ਹਿਊਮਨਿਟੀਜ
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ

ਭਗਤ ਰਵਿਦਾਸ ਜੀ 15ਵੀਂ ਸਦੀ ਵਿਚ ਨੀਵੀਂ ਜਾਤ ਵਿੱਚ ਜਨਮੇ ਮਹਾਨ ਪੁਰਖ ਬਨਾਰਸ (ਕਾਸ਼ੀ) ਦੇ ਵਸਨੀਕ ਸਨ।ਇਹ ਸ਼ਹਿਰ ਸਨਾਤਨੀ ਧਰਮ ਦਾ ਵੱਡਾ ਕੇਂਦਰ ਹੋਣ ਦੇ ਨਾਤੇ ਬ੍ਰਾਹਮਣੀ-ਸੰਸਕ੍ਰਿਤੀ ਦਾ ਵੱਡਾ ਕੇਂਦਰ ਹੈ।ਜਿੱਥੇ ਬ੍ਰਾਹਮਣ ਛੂਆ-ਛਾਤ ਨੂੰ ਕਰੜੇ ਰੂਪ ਵਿਚ ਮੰਨਦੇ ਹਨ। ਅਖੋਤੀ ਜਾਤਾਂ ਜੁਲਾਹਾ, ਚਮਾਰ, ਨਾਈ, ਛੀਂਬਾ ਆਦਿ ਨੂੰ ਸ਼ੂਦਰ ਮੰਨਿਆ ਜਾਂਦਾ ਸੀ। ਇਨ੍ਹਾਂ ਨੂੰ ਅਛੂਤ, ਮਲੇਛ ਅਤੇ ਅਪਵਿੱਤਰ ਕਹਿ ਕੇ ਸਮਾਜਿਕ ਅਤੇ ਧਾਰਮਿਕ ਅਧਿਕਾਰਾ ਤੋਂ ਵੰਚਿਤ ਕੀਤਾ ਜਾਂਦਾ ਸੀ। ਰਾਜਨੀਤਿਕ ਪ੍ਰਸੰਗ ਵਿਚ ਵਿਦੇਸ਼ੀ ਹਕੂਮਤ ਇਸਲਾਮ ਨੂੰ ਫੈਲਾਉਣ ਲਈ ਭਾਰਤੀ ਜਨਤਾ ਤੇ ਜਬਰ ਕਰ ਰਹੀ ਸੀ। ਮੁਸਲਮਾਨ ਹਾਕਮ ਆਪਣੇ ਆਪ ਨੂੰ ਮੋਮਨ ਅਤੇ ਭਾਰਤ ਵਾਸੀਆਂ ਨੂੰ ਕਾਫ਼ਰ ਕਰਾਰ ਦਿੰਦੇ ਸਨ। ਰਾਜਨੀਤਿਕ ਸੰਦਰਭ ਵਿਚ ਬਾਦਸ਼ਾਹ ਅਤੇ ਧਾਰਮਿਕ ਸਮਾਜਿਕ ਸੰਦਰਭ ਵਿਚ ਪ੍ਰੋਹਿਤ ਵਰਗ ਦੀ ਪ੍ਰਭੂਸਤਾ ਦੇ ਵਿਰੁੱਧ ਗੰਗਾ ਕੰਢਿਓ ਨਿਕਲੀ ਵਿਚਾਰਧਾਰਾ ਦੇ ਕਈ ਪ੍ਰਵਾਹ ਉਠੇ। ਕੁਝ ਵਿਚਾਰਾਂ ਨੇ ਜੀਵਨ-ਵਿਕਾਸ ਵਿਚ ਹਿੱਸਾ ਪਾਇਆ ਤੇ ਕੁੱਝ ਨੇ ਮਾਰੂ ਹੜ੍ਹ ਲਿਆ ਕੇ ਤਬਾਹੀ ਵੀ ਮਚਾਈ। ਇਨ੍ਹਾਂ ਵਿਚੋਂ ਜਾਤ-ਪਾਤ ਵਾਦੀ ਵਿਚਾਰਧਾਰਾ ਸਭ ਤੋਂ ਵੱਧ ਹਾਨੀਕਾਰਕ ਸਾਬਤ ਹੋਈ ਜੋ ਕਿ ਪ੍ਰੋਹਿਤ ਬ੍ਰਾਹਮਣ ਦੀ ਪੈਦਾਵਰ ਸੀ ਤੇ ਭਾਰਤੀ ਸਮਾਜ ਵਿਚ ਅਸਮਾਨਤਾ ਲਈ ਜੁੰਮੇਵਾਰ ਸੀ ਇਸ ਮਾਰੂ ਰੋਗ ਦੀ ਨਵਿਰਤੀ ਲਈ ਭਗਤ ਰਵਿਦਾਸ ਬ੍ਰਾਹਮਣੀ ਮਨੌਤਾ ਅਤੇ ਪ੍ਰੋਹਿਤ ਵਰਗ ਦੀ ਪ੍ਰਭੂਤਾ ਦੇ ਵਿਰੁੱਧ ਮਾਨਵੀ ਚੇਤਨਾ ਨੂੰ ਬੁਲੰਦ ਕੀਤਾ ਅਤੇ ਮਾਨਵ ਸਨਮਾਨ ਦੇ ਕ੍ਰਾਂਤੀਕਾਰੀ ਮਾਪਦੰਡ ਸਥਾਪਿਤ ਕੀਤੇ ਉਨ੍ਹਾਂ ਨੂੰ ਸਮਾਜਿਕ, ਧਾਰਮਿਕ ਬਣਤਰ ਦੇ ਪ੍ਰਤੀਕੂਲ ਆਪ ਨੇ ਸੁਤੰਤਰ ਅਤੇ ਬੰਧਨ ਰਹਿਤ ਜੀਵਨ ਦੀ ਜਾਂਚ ਕੀਤੀ, ਨਵੀਆਂ ਕੀਮਤਾਂ ਨੂੰ ਪ੍ਰਚਾਰਿਆ ਜੋ ਮਨੁੱਖੀ ਜ਼ਿੰਦਗੀ ਨੂੰ ਸਹੀ ਰਾਹ ਦੇ ਕੇ ਸਿਹਤਮੰਦ ਸਮਾਜ ਦੀ ਉਸਾਰੀ ਹੋ ਸਕੇ। ਭਗਤ ਰਵਿਦਾਸ ਜੀ ਨੇ ਆਪਣੀ ਕੁਲ ਦਾ ਕਿੱਤਾ ਕਰਦਿਆਂ ਪ੍ਰਮਾਤਮਾ ਦੀ ਭਗਤੀ ਸਦਕਾ ਉਤਮ ਪਦਵੀ ਗ੍ਰਹਿਣ ਕੀਤੀ। ਸਮਾਜਿਕ ਅਤੇ ਧਾਰਮਿਕ ਪ੍ਰਸੰਗ ਵਿਚ ਸਨਮਾਨ ਦੇ ਅਧਿਕਾਰੀ ਬਣੇ, ਸ਼੍ਰੋਮਣੀ ਜਾਤਿ ਕਹਾਉਣ ਵਾਲੇ ਪੰਡਿਤ ਭਗਤ ਰਵਿਦਾਸ ਜੀ ਅੱਗੇ ਡੰਡਉਤ ਲਈ ਝੁਕੇ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮ ਦਾਸ ਜੀ ਨੇ ਆਪਣੀ ਬਾਣੀ ਵਿਚ ਭਗਤ ਰਵਿਦਾਸ ਜੀ ਦੀ ਪ੍ਰਭੂ ਭਗਤੀ ਦੁਆਰਾ ਸ੍ਰੇਸ਼ਟ ਅਵਸਥਾ ਨੂੰ ਬਿਆਨ ਕੀਤਾ ਹੈ।

ਰਵਿਦਾਸ ਚੁਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥

(ਆਦਿ ਗ੍ਰੰਥ ਪੰਨਾ 733)

ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥

(ਆਦਿ ਗ੍ਰੰਥ ਪੰਨਾ 487)

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦੇ 40 ਪਦੇ 16 ਰਾਗਾਂ ਵਿਚ ਅੰਕਿਤ ਹਨ ਜਿਨ੍ਹਾਂ ਦੀ ਪ੍ਰਮਾਣਿਕਤਾ ਸੰਦੇਹ-ਮੁਕਤ ਹੈ ਆਕਾਰ ਪੱਖੋਂ ਆਪ ਜੀ ਦੀ ਬਾਣੀ, ਭਗਤ-ਬਾਣੀ ਸ਼ਿੰਖਲਾ ਵਿਚ ਤੀਸਰੇ ਨੰਬਰ ਤੇ ਆਉਂਦੀ ਹੈ।ਇਸ ਬਾਣੀ ਵਿਚ ਉਨ੍ਹਾਂ ਪ੍ਰੇਮ ਭਗਤੀ ਦਾ ਸਾਧਨ ਮਾਰਗ ਦੱਸਿਆ ਹੈ ਪ੍ਰੇਮ ਭਗਤੀ ਹੀ ਪ੍ਰਮਾਤਮਾ ਦੇ ਮਿਲਾਪ ਦਾ ਸਾਧਨ ਹੈ।ਪਰਮਾਤਮਾ ਦੀ ਭਗਤੀ ਕਰਨ ਨਾਲ ਮਾਨਵੀ ਉਤਮਤਾ ਦਾ ਪ੍ਰਤੀਕ ਦੱਸਿਆ ਹੈ।

ਮਨੁੱਖ ਨੂੰ ਸ੍ਰਿਸ਼ਟੀ ਦਾ ਉਤਮ ਪ੍ਰਾਣੀ ਮੰਨਿਆ ਗਿਆ ਹੈ।ਉਸ ਦੀ ਸੋਚਣ ਸ਼ਕਤੀ, ਵਿਚਾਰ ਕਰਨ ਦੀ ਸਮੱਰਥਾ ਚੰਗੇ ਜਾ ਬੁਰੇ ਖਿਆਲਾ ਦਾ ਉਪਜਨਾ, ਉਸ ਦਾ ਰਹਿਣ-ਸਹਿਣ, ਕਾਰ-ਵਿਹਾਰ ਆਦਿ ਸਾਰੇ ਕਾਰਜ ਸੁਤੇ ਸਿਧ ਹੀ ਨਹੀਂ ਹੁੰਦੇ, ਇਨ੍ਹਾਂ ਲਈ ਇਸ ਦੁਨੀਆਂ ਦੇ ਕਰਤਾ ਨੇ ਉਸ ਨੂੰ ਬਿਬੇਕ ਨਾਮਕ ਗੁਣ ਭਾਵ ਬੁੱਧੀ ਪ੍ਰਦਾਨ ਕੀਤੀ ਹੈ, ਤਾਂ ਜੋ ਇਸੇ ਕਾਰਨ ਚੰਗੇ-ਮਾੜੇ, ਗਲਤ-ਸਹੀ ਦਾ ਵਿਸ਼ਲੇਸ਼ਣ ਕਰ ਸਕਦਾ ਹੈ ਅਤੇ ਆਪਣੇ ਆਲੇ ਦੁਆਲੇ ਦੇ ਮਾਹੌਲ ਦੇ ਨਾਲ ਆਪਣੇ ਆਪ ਨੂੰ ਵੀ ਸੁਧਾਰਨ ਦੀ ਸਮਰੱਥਾ ਰੱਖਦਾ ਹੈ।ਅਕਾਲ ਪੁਰਖ ਨੇ ਮਨੁੱਖੀ ਜੀਵ ਨੂੰ ਐਸੀ ਸੋਝ ਦੀ ਤਾਕਤ ਬਖਸ਼ੀ ਹੈ ਕੇ ਐਸਾ ਗੁਣ ਪ੍ਰਦਾਨ ਕੀਤਾ ਹੈ।ਜਿਹੜਾ ਕਿ ਸੰਸਾਰ ਵਿਚ, ਪ੍ਰਲੋਕ ਵਿਚ ਵੀ ਮਨੁੱਖ ਤੋਂ ਇਲਾਵਾ ਕਿਸੇ ਕੋਲ ਨਹੀਂ ਹੈ।

ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥
ਉਗਵੈ ਸੂਰਜ ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸ ਅਗਿਆਨੁ ਮਿਟੰਤੁ।।

ਗਿਆਨ ਦਾ ਪ੍ਰਕਾਸ਼ ਹਰੇਕ ਪ੍ਰਕਾਰ ਦੇ ਅੰਧਕਾਰ ਨੂੰ ਦੂਰ ਕਰ ਦਿੰਦਾ ਹੈ।ਪੰਜ ਤੱਤਾਂ ਨਾਲ ਬਣਿਆ ਸਰੀਰ ਨਾਸ਼ ਹੋ ਜਾਂਦਾ ਹੈ, ਬੁੱਧੀ ਦੀ ਖੇਡ, ਸੁਰਤਿ ਅਤੇ ਅੰਹਕਾਰ ਭਾਵ ਮਨ, ਚਿਤ, ਬੁੱਧੀ ਸੁਰਤਿ ਅਹੰਕਾਰ ਸਭ ਨਾਸਵਾਨ ਹਨ, ਕਿਉਂਕਿ ਇਹ ਤ੍ਰਿਗੁਣੀ ਪ੍ਰਕਿਤੀ ਰਜੋ, ਸਤੋ, ਤਮੋ ਗੁਣ ਦੀ ਉਪਜ ਹਨ।ਪ੍ਰੰਤੂ ਮਨੁੱਖੀ ਜੀਵ ਅੰਦਰ ਬੈਠਾ 'ਬ੍ਰਹਮ' ਜਿਸ ਦੀ ਖੋਜ ਵਿਚ ਤੀਰਥਾ ਉਪਰ ਜਾਂਦਾ ਹੈ।ਪੁਸਤਕਾਂ ਪੜ੍ਹਦਾ ਹੈ, ਤਪ ਕਰਦਾ ਹੈ, ਉਹ ਤਾਂ (ਬ੍ਰਹਮ) ਮਨੁੱਖ ਦੇ ਅੰਦਰ ਹੀ ਬਿਰਾਜਮਾਨ ਹੈ ਨਾ ਹੀ ਨਾਸ਼ ਹੋਣ ਵਾਲਾ ਹੈ।ਉਸ ਬ੍ਰਹਮ ਨੂੰ ਜੀਵਨ ਦੇ ਦੌਰਾਨ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਸ ਦੀ ਪ੍ਰਾਪਤੀ 'ਮੁਕਤੀ' ਭਾਵ 'ਬੇਗਮਪੁਰਾ' ਦੀ ਪ੍ਰਾਪਤੀ ਹੈ।

'ਬੇਗਮਪੁਰਾ' ਸ਼ਬਦ ਕਦੋਂ ਅਤੇ ਕਿੱਥੋਂ ਆਇਆ।ਇਸ ਬਾਰੇ ਇਤਿਹਾਸ ਵਿੱਚ ਵੇਰਵਾ ਘੱਟ ਮਿਲਦਾ ਹੈ, ਪਰ ਇਸ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾ ਭਗਤ ਰਵਿਦਾਸ ਜੀ ਨੇ ਉਚਾਰਿਤ ਕੀਤੀ।ਮੁਕਤੀ, (ਬੇਗਮਪੁਰਾ) ਦੇ ਕੀ ਅਰਥ ਹਨ ਇਸ ਦੀ ਪਰਿਭਾਸ਼ਾ ਜਾਂ ਫਿਰ ਇਸ ਸ਼ਬਦ ਦੀ ਉਤਪਤੀ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਹਨ।

ਮੁਕਤੀ: ਮਾਨਵ ਜੀਵਨ ਦਾ ਮਨੋਰਥ ਹੈ ਭਾਰਤੀ ਧਰਮ ਸਾਧਨਾ ਦੀਆਂ ਪ੍ਰਣਾਲੀਆਂ ਵਿੱਚ ਅੰਤਿਮ ਨਿਸ਼ਾਨਾ ਮੁਕਤੀ ਮੰਨਿਆ ਗਿਆ ਹੈ 'ਮੁਕਤੀ' ਸੰਸਕ੍ਰਿਤ ਸ਼ਬਦ ਹੈ ਅਤੇ ਮੁਚ ਧਾਤੁ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਛੱਡ ਦੇਣਾ, ਰਿਹਾਅ ਕਰਨਾ, ਮੁਕਤ ਕਰਨਾ।

ਸੰਸਕ੍ਰਿਤ ਸ਼ਬਦਾਰਥ ਕੋਸ਼ਤੂਭ ਪੰਨਾ 897

ਭਾਈ ਕਾਹਨ ਸਿੰਘ ਨਾਭਾ ਨੇ ਮੁਕਤੀ ਨੂੰ ਅਵਿੱਦਿਆ ਦੇ ਬੰਦਨਾ ਤੋਂ ਛੁੱਟਕਾਰਾ ਕਿਹਾ ਹੈ।

ਮਹਾਨ ਕੋਸ਼ ਪੰਨਾ 734

ਭਾਰਤੀ ਦਰਸ਼ਨ ਵਿਚ ਧਰਮ, ਅਰਥ, ਕਾਮ, ਮੋਕਸ਼ ਇਹ ਚਾਰੇ ਹੀ ਮਨੁੱਖੀ ਜੀਵਨ ਦੇ ਮੂਲ ਮੰਤਵ ਦਰਸਾਏ ਹਨ।ਇਨ੍ਹਾਂ ਚਾਰਾਂ ਵਿਚੋਂ ਮੁਕਤੀ ਹੀ ਸਰਵਉਚ ਮਾਨਵੀ ਉਦੇਸ਼ ਹੈ।

ਵੇਦਾਂ ਵਿੱਚ ਰਿਸ਼ੀਆਂ ਵੱਲੋਂ ਯੱਗ ਆਦਿ, ਛੇ ਪ੍ਰਕਾਰ ਦੇ ਕਰਮ ਕਾਂਡ ਕਰਕੇ ਸੁਖਾਂ ਦੀ ਪ੍ਰਾਪਤੀ ਅਤੇ ਦੁੱਖਾਂ ਤੇ ਕਲੇਸ਼ਾ ਤੋਂ ਮੁਕਤ ਹੋਣ ਦੀਆਂ ਪ੍ਰਾਥਨਾਵਾ ਕੀਤੀਆਂ ਜਾਂਦੀਆਂ ਹਨ।

ਵੇਦਾਂ, ਉਪਨਿਸ਼ਦਾ, ਪੁਰਾਣਾ, ਮਹਾਪੁਰਾਣਾਂ, ਛੇ ਦਰਸ਼ਨਾ, ਭਾਰਤੀ ਗ੍ਰੰਥਾਂ, ਜੈਨ ਗ੍ਰੰਥਾ, ਤੱਤ-ਅਗਮਾ ਤੇ ਨਿਗਮਾ ਸਾਰਿਆਂ ਵੱਖ-ਵੱਖ ਕਿਸਮਾ ਦੇ ਦਰਸ਼ਨਾ ਤੇ ਧਰਮ ਗ੍ਰੰਥਾਂ ਵਿਚ 'ਮੁਕਤੀ' ਹੀ ਇਨਸਾਨੀ ਜੀਵਨ ਦਾ ਅਖੀਰਲਾ ਨਿਸ਼ਾਨਾ ਹੈ, ਏਥੋਂ ਤੱਕ ਕਿ ਸੂਫੀਆਂ ਦਾ ਫਨਾ ਬਕਾ, ਇਸਲਾਮ ਧਰਮੀਆਂ ਦੀ ਨਿਜਾਤ ਤੇ ਖਲਾਸ ਈਸਾਈਆਂ ਦੀ 'ਸਲਵੇਸ਼ਨ' ਮੁਕਤੀ ਦੇ ਵੱਖ-ਵੱਖ ਰੂਪ ਹਨ।ਇਸ ਤਰ੍ਹਾਂ ਧਾਰਮਿਕ ਤੇ ਸੰਪਰਦਾਇਕ ਕਿਰਿਆ ਦੇ ਪਿਛੇ 'ਮੁਕਤੀ' ਲਈ ਹੀ ਪ੍ਰੇਰਨਾ ਨਿਹਿਤ ਹੈ।

ਸਾਧਕ ਦਾ ਮੁੱਖ ਲਕਸ਼ ਹੀ ਮੁਕਤੀ ਹੈ।ਮਾਇਆ ਦੇ ਬੰਧਨਾ ਤੋਂ ਛੁਟਕਾਰਾ ਪਾ ਲੈਣ ਦਾ ਰਾਹ ਵੀ ਭਗਤ ਦਾ ਸਤਿਸੰਗ, ਗੁਰੂ ਦੀ ਸ਼ਰਨ, ਨਾਮ ਦੀ ਸਿਮਰਨ ਭਗਤੀ, ਨਿਮਰਤਾ ਵਿੱਚੋਂ ਸਹਿਜ ਹੀ ਲੱਭਿਆ ਜਾ ਸਕਦਾ ਹੈ।ਮੁਕਤੀ ਦਾ ਅਰਥ ਸੰਸਾਰ ਚੱਕਰ ਦੇ ਜਨਮ-ਮਰਨ, ਸੁੱਖ-ਦੁੱਖ, ਮੋਹ-ਮਮਤਾ, ਆਵਾਗਮਨ ਦੇ ਚੱਕਰਵਿਉ ਵਿਚੋਂ ਛੁੱਟਕਾਰਾ ਹਾਸਲ ਕਰਕੇ ਬ੍ਰਹਮ ਵਿੱਚ ਨਿਵਾਸ ਕਰਨ ਦਾ ਨਾਮ ਹੈ।

ਭਾਰਤੀ ਧਰਮ ਸਾਧਨਾ ਵਿੱਚ ਮੁਕਤੀ ਦੇ ਦੋ ਰੂਪ ਮੰਨੇ ਗਏ ਹਨ।

1) ਵਿਦੇਹ-ਮੁਕਤੀ
2) ਸਦੇਹ-ਮੁਕਤੀ

ਵਿਦੇਹ ਮੁਕਤੀ ਮਰਨ ਉਪਰੰਤ ਹੋਣ ਵਾਲੀ ਮੁਕਤੀ ਦੱਸੀ ਗਈ ਹੈ।

ਸਦੇਹ ਮੁਕਤੀ ਜੀਵਨ ਕਾਲ ਵਿਚ ਪ੍ਰਾਪਤ ਹੋਣ ਵਾਲੀ ਮੁਕਤੀ ਹੈ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਦੇਹ ਮੁਕਤੀ ਨੂੰ ਸਿਰਮੋਰ ਮੰਨਿਆ ਗਿਆ ਹੈ।ਜਿਸ ਨੂੰ ਜੀਵਨ ਮੁਕਤ ਆਖਿਆ ਹੈ।

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਜੀਵਨ ਮੁਕਤ ਅਵਸਥਾ ਨੂੰ ਮਾਨਤਾ ਦਿੱਤੀ ਗਈ ਹੈ। ਇਹ ਅਵਸਥਾ ਜੀਵਨ ਕਾਲ ਵਿਚ ਪ੍ਰਾਪਤ ਹੋਣ ਵਾਲੀ ਹੈ।ਇਹ ਭੌਤਿਕ ਸੰਸਾਰ ਦੇ ਬੰਧਨਾ ਤੋਂ ਨਿਰਲੇਪ ਅਵਸਥਾ ਹੈ ਇਹ ਦੇਹ ਵਿਚ ਆਤਮਾ ਪ੍ਰਮਾਤਮਾ ਦੇ ਤਾਤਵਿਕ ਇਕਰੂਪਤਾ ਦੀ ਅਭੇਦ ਅਵਸਥਾ ਹੈ। ਭਗਤ ਰਵਿਦਾਸ ਜੀ ਗੁਰਬਾਣੀ ਵਿਚ ਦੱਸਦੇ ਹਨ।

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥
ਆਦਿ ਗ੍ਰੰਥ 893

ਇਸ ਮੁਕਤ ਅਵਸਥਾ ਨੂੰ ਹੀ ਭਗਤ ਰਵਿਦਾਸ ਜੀ ਨੇ 'ਬੇਗਮਪੁਰਾ' ਕਿਹਾ ਹੈ।

ਬੇਗਮਪੁਰਾ ਸਹਰ ਕੋ ਨਾਉ
ਦੂਖੁ ਅੰਦੋਹੁ ਨਹੀਂ ਤਿਹਿ ਠਾਉ
ਨਾ ਤਸਵੀਸ ਖਿਰਾਜ ਨ ਮਾਲੁ॥

ਭਾਈ ਕਾਹਨ ਸਿੰਘ ਨਾਭਾ ਦੇ ਅਨੁਸਾਰ: ਸੰਗਯਾ ਤਰੀਯਪਟ, ਗਿਆਨ ਅਵਸਥਾ ਜਿਸ ਵਿਚ ਗ਼ਮ ਦਾ ਅਭਾਵ ਹੈ।ਬੇਗਮਪੁਰਾ ਸ਼ਬਦ ਤੋਂ ਪਤਾ ਚੱਲਦਾ ਹੈ ਇਹ ਤਿੰਨ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ।ਬੇ-ਗ਼ਮ ਅਤੇ ਪੁਰਾ।ਬੇ ਤੋਂ ਭਾਵ ਹੈ-ਬਿਨਾ, ਰਹਿਤ, ਬਗੈਰ, ਗਮ ਦਾ ਅਰਥ ਹੈ ਦੁਖ, ਤਕਲੀਫ, ਚਿੰਤਾ ਫ਼ਿਕਰ, ਪੁਰਾ ਤੋਂ ਅਰਥ ਹੈ-ਸ਼ਹਿਰ, ਨਗਰ, ਭਰਿਆ ਹੋਇਆ ਪੂਰਨ ਇਨ੍ਹਾਂ ਤਿੰਨਾਂ ਦੇ ਸੁਮੇਲ ਤੋਂ ਬਣਿਆ ਭਾਵ ਕਿ ਇਕ ਐਸਾ ਸ਼ਹਿਰ ਜਿਥੇ ਗਮ ਲਈ ਕੋਈ ਥਾਂ ਨਹੀਂ ਅਰਥਾਤ ਬਿਨਾ ਗਮ ਦੇ ਸ਼ਹਿਰ।ਗ਼ਮ ਜੋ ਚਿੰਤਾ ਦਾ ਮੂਲ ਹੁੰਦਾ ਹੈ।ਇਹੀ ਮੂਲ ਕਾਰਨ ਚਿੰਤਾ ਮਾਨਵ ਨੂੰ ਬੇਚੈਨ ਕਰ ਦਿੰਦੀ ਹੈ।ਇਨ੍ਹਾਂ ਪ੍ਰਸਥਿਤੀਆਂ ਤੋਂ ਬਚਨ ਦੇ ਉਪਾਅ ਭਗਤ ਜਨਾ ਨੇ ਸਮਝਾਉਣ ਦਾ ਯਤਨ ਕੀਤਾ ਹੈ।ਅਸੀਂ ਇਨ੍ਹਾਂ ਉਪਾਆਵਾਂ ਤੇ ਚੱਲ ਕੇ ਬੇਗਮਪੁਰਾ ਦੇ ਵਾਸੀ ਜੋ ਅੰਦਰੂਨੀ ਸਾਂਤ ਮਨ ਦੀ ਅਵਸਥਾ ਵਿਚ ਕਾਇਮ ਰਹਿ ਸਕਦੇ ਹਾਂ।

ਸ੍ਰੀ ਗੁਰੂ ਗ੍ਰੰਥ ਕੋਸ਼ ਸੰਪਾਦਕ ਗੁਰਚਰਨ ਸਿੰਘ ਅਨੁਸਾਰ ਬੇਗਮਪੁਰਾ ਉਹ ਸਥਾਨ ਹੈ।ਜਿਥੇ ਕੋਈ ਗਮ ਨਹੀਂ।ਕੋਈ ਦੁਖ ਨਹੀਂ ਤਕਲੀਫ ਨਹੀਂ ਸਕੂਨ ਤੇ ਸੰਤੋਖ ਹੈ।

ਡਾ. ਧਰਮਾਲ ਸਿੰਗਲ ਦੇ ਅਨੁਸਾਰ:

ਇਥੇ ਭਗਤ ਰਵਿਦਾਸ ਜੀ ਨੇ ਕਲਪਨਾ ਲੋਕ ਵਿੱਚ ਆਪਣੇ ਮਨ-ਵਾਂਛਿਤ ਰਾਸ਼ਟਰ ਦੀ ਸਿਰਜਨਾ ਕੀਤੀ ਹੈ।ਜਿਥੇ ਸਾਰੇ ਲੋਕ ਸਮਾਨ ਹੋਣ, ਕਿਸੇ ਵੀ ਪ੍ਰਕਾਰ ਦਾ ਰਾਜਨੀਤਿਕ, ਸਮਾਜਿਕ ਸ਼ੋਸ਼ਣ ਦਾ ਸ਼ਿਕਾਰ ਨਾ ਹੋਵੇ।ਸਮਾਜਿਕ ਸਮਾਨਤਾ ਦੀ ਸਹੀ ਤਸਵੀਰ ਪੇਸ਼ ਕੀਤੀ ਹੈ।

ਡਾ. ਅਮਰਜੀਤ ਸਿੰਘ ਅਨੁਸਾਰ: ਇਹ ਸ਼ਬਦ ਜਿਸ ਰਾਜ ਦੇ ਸਕੰਲਪ ਦਾ ਸੂਝ-ਮਾਡਲ ਪ੍ਰਸਤੁਤ ਕਰਦਾ ਹੈ, ਉਹੀ ਅਸਲ ਵਿਚ ਮਾਨਵ ਦੀ ਮੁਕਤੀ ਦਾ ਅਧਾਰ ਹੋ ਸਕਦਾ ਹੈ।ਪ੍ਰਗਟ ਰੂਪ ਵਿਚ ਇਸ ਸ਼ਬਦ ਨੂੰ ਅਧਿਆਤਮਕ ਦੇ ਨਾਲ ਜੋੜ ਦਿੱਤਾ ਜਾਂਦਾ ਹੈ। ਪ੍ਰੰਤੂ ਇਸ ਸ਼ਬਦ ਵਿਚ ਨਿਹਿਤ ਸੰਭਾਵਨਾਵਾਂ ਤੇ ਸੰਕੇਤਾ ਵਿਚ ਇਕ ਅਜਿਹਾ ਸੂਝ ਮਾਡਲ ਹੈ।ਜਿਸ ਦੇ ਪਸਾਰ ਲੋਕਿਕ ਹਨ।ਇਹ ਸ਼ਬਦ ਉਹ ਪਾਤਸ਼ਾਹੀ ਰੱਥ ਹੈ ਜਿਸ ਰਾਜ ਵਿਚ ਨਾ ਡਰ, ਨਾ ਬਰਾਬਰੀ ਨਾ ਹੀ ਹੱਕ ਨੂੰ ਖੋਹੇ ਜਾਣ ਦਾ ਅੰਦੇਸ਼ਾ ਵੀ ਨਹੀਂ ਹੈ। ਬੋਲਣ ਅਤੇ ਵਿਚਰਨ ਦੀ ਅਜ਼ਾਦੀ ਹੈ।

'ਬੇਗਮਪੁਰਾ' ਇੱਕ ਐਸੀ ਮਾਨਸਿਕ ਸਥਿਤੀ ਹੈ ਜਿਥੇ ਕਿਸੇ ਪ੍ਰਕਾਰ ਦਾ ਕੋਈ ਗਮ ਨਹੀਂ ਅਰਥਾਤ ਗਮ ਤੋਂ ਰਹਿਤ ਸਥਾਨ ਹੈ ਇਹ ਸ਼ਹਿਰ ਕਿਵੇਂ ਦਾ ਹੋ ਸਕਦਾ ਹੈ? ਇਸ ਨੂੰ ਕਿਵੇ ਲਿਆਇਆ ਜਾ ਸਕਦਾ ਹੈ 'ਬੇਗਮਪੁਰਾ' ਦੀ ਖਾਸੀਅਤ ਕੀ ਹੈ? ਉਸ ਦਾ ਅੰਦਰੋਂ ਕਿਹੋ ਜਿਹਾ ਮਾਹੌਲ ਹੈ? ਉਸ ਵਿਚ ਰਹਿਣ ਵਾਲੇ ਲੋਕਾਂ ਦਾ ਵਤੀਰਾ ਕਿਹੋ ਜਿਹਾ ਹੈ।

ਅਬ ਮੋਹਿ ਖੂਬ ਵਤਨ ਗਹ ਪਾਈ॥
ਉਹਾਂ ਖੈਰਿ ਸਦਾ ਮੇਰੇ ਭਾਈ॥

ਭਗਤ ਰਵਿਦਾਸ ਜੀ ਨੇ ਇੱਕ ਐਸੇ ਸ਼ਹਿਰ ਦੇ ਰਹਿਣ ਸਹਿਣ ਦੀ ਤਸਵੀਰ ਖਿੱਚੀ ਹੈ, ਜਿਥੇ ਹਮੇਸ਼ਾ ਖੈਰ ਹੈ। ਮੈਂ ਹੁਣ ਬਹੁਤ ਚੰਗੇ ਵਤਨ ਦੀ ਰਿਹਾਇਸ਼ੀ ਇਜਾਜਤ ਪ੍ਰਾਪਤ ਕਰ ਲਈ ਹੈ। ਉਥੇ ਸਦਾ ਖੁਸ਼ੀਆਂ ਹੀ ਕਾਇਮ ਹਨ। ਜਿਥੇ ਕੋਈ ਦੁੱਖ ਪ੍ਰੇਸ਼ਾਨੀ ਨਹੀਂ, ਚਿੰਤਾ ਨਹੀਂ, ਕਿਸੇ ਨੂੰ ਦੁਨਿਆਈ ਸਹੂਲਤਾ ਦੇ ਨਾ ਹੋਣ ਦਾ ਗਮ ਨਹੀਂ ਇਹ ਦੁਨਿਆਵੀ ਗਮ ਸਹੂਲਤਾ ਮਨੁੱਖ ਨੂੰ ਆਪਣੇ ਪ੍ਰੰਪਚ ਵਿਚ ਉਲਝਾ ਕੇ ਗਲਤਾਨ ਰਖਦੇ ਹਨ। ਪ੍ਰੰਤੂ ਭਗਤ ਰਵਿਦਾਸ ਜੀ ਦਾ ਇਹ ਬੇਗਮਪੁਰਾ ਉਹ ਸ਼ਹਿਰ ਹੈ ਜਿਹੜਾ ਗਮ ਨੂੰ ਖੁਸ਼ੀਆਂ ਵਿਚ ਤਬਦੀਲ ਕਰ ਦਿੰਦਾ ਹੈ।

ਨਾ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥

ਇਸ ਸ਼ਹਿਰ ਵਿਚ ਦੁਨੀਆ ਵਾਲੀ ਜਾਇਦਾਦ ਹੀ ਨਹੀਂ ਜੋ ਮਨੁੱਖ ਨੂੰ ਪ੍ਰੇਸ਼ਾਨੀ ਦਾ ਕਾਰਨ ਬਣ ਕੇ ਪਾਪ ਕਰਾਉਂਦੀ ਹੋਵੇ ਜਿਸ ਕੋਲ ਵਪਾਰ ਕਰਨ ਦਾ ਸਮਾਨ ਹੀ ਨਹੀਂ ਫਿਰ ਟੈਕਸ ਕਿਸ ਗੱਲ ਦਾ ਮਾਲ ਹੀ ਨਹੀਂ ਤਾਂ ਗਵਾਚਣ ਦਾ ਵੀ ਕੋਈ ਡਰ ਨਹੀਂ ਹੋ ਸਕਦਾ। ਫਿਰ ਬਦਲੇ ਦੀ ਸਜਾ ਦਾ ਵੀ ਡਰ ਪੈਦਾ ਹੋ ਸਕਦਾ ਇਸ ਸ਼ਹਿਰ ਵਿੱਚ ਬੇਖੌਫ਼ ਹੋ ਕੇ ਵਿਚਰਨ ਦੀ ਅਜ਼ਾਦੀ ਹੈ।

ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏ ਸੋ ਆਹੀ॥

ਇਸ ਸ਼ਹਿਰ ਦੀ ਬਾਦਸ਼ਾਹਤ ਸਦੀਵੀ ਰਹਿਣ ਵਾਲੀ ਹੈ। ਉਥੇ ਕਿਸੇ ਦਾ ਦੂਜਾ, ਤੀਜਾ ਦਰਜਾ ਨਹੀਂ ਸਭ ਇਕੋ ਜਿਹੇ ਹੀ ਹਨ।

ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥

ਇਹ ਗੱਲ ਇਤਿਹਾਸ ਪ੍ਰਸਿੱਧ ਹੈ ਕਿ ਸੰਸਾਰ ਵਿਚ ਕਈ ਸੱਭਿਆਤਾ ਪਨਪੀਆਂ ਅਤੇ ਆਪਣੀ ਚਰਮ ਸੀਮਾ ਤੱਕ ਪਹੁੰਚੀਆਂ ਪ੍ਰੰਤੂ ਸਮੇਂ ਦੇ ਬਦਲਾਅ ਕਰਨ ਨਾਲ ਹੀ ਸਭ ਕੁੱਝ ਤਹਿਸ ਨਹਿਸ ਹੋ ਗਿਆ ਕਿਉਂਕਿ ਧਰਤੀ ਉੱਪਰ ਕੋਈ ਵੀ ਚੀਜ ਸਥਾਈ ਨਹੀਂ ਹੈ ਲੇਕਿਨ ਉਪਰੋਕਤ ਨਿਯਮ 'ਬੇਗਮਪੁਰੇ' ਸ਼ਹਿਰ ਉਪਰ ਲਾਗੂ ਨਹੀਂ ਹੁੰਦੇ ਉਥੇ ਜੋ ਕੋਈ ਵੀ ਵੱਸਦਾ ਹੈ, ਉਹ ਕਦੇ ਉਜੜਦਾ ਨਹੀਂ, ਉਹ ਹਮੇਸ਼ਾ-ਹਮੇਸ਼ਾ ਲਈ ਅਬਾਦ ਰਹਿੰਦਾ ਹੈ।ਉਹ ਚਿਰ ਸਥਾਈ ਬਣ ਕੇ ਇਸ ਸ਼ਹਿਰ ਦੀਆਂ ਸੁੱਖ ਸਹੂਲਤਾ ਨੂੰ ਮਾਣਦਾ ਹੈ।

ਸੰਸਾਰਿਕ ਬੰਧਨਾ ਤੋਂ ਮੁਕਤ ਬੇਗਮਪੁਰੇ ਦੀ ਅਵਸਥਾ ਵਿਚ ਪਹੁੰਚ ਚੁੱਕੇ ਭਗਤ ਜਨ ਉਹ ਹੀ ਉਨ੍ਹਾਂ ਦੇ ਹਮ ਸ਼ਹਿਰੀ ਹਨ, ਹਮ ਵਤਨ ਹਨ।ਬੇਗਮਪੁਰੇ ਦੀ ਇਹ ਅਵਸਥਾ ਮਰਨ ਉਪਰੰਤ ਨਹੀਂ, ਸਗੋਂ ਜੀਵਨ ਦੇ ਦੌਰਾਨ ਹੀ ਇਸ ਨੂੰ ਪ੍ਰਾਪਤ ਕੀਤੀ ਜਾ ਸਕਦੀ ਹੈ।ਜਿਸ ਨੇ ਇਹ ਅਵਸਥਾ ਪ੍ਰਾਪਤ ਕਰ ਲਈ ਉਸ ਲਈ ਸੰਸਾਰਿਕ ਕਾਰ-ਵਿਹਾਰ, ਮਾਇਆ ਦੁਆਰਾ ਰਚੇ ਪ੍ਰਪੰਚ ਅਤੇ ਇਸ ਦੇ ਪ੍ਰਭਾਵ ਕੋਈ ਮਾਇਨੇ ਨਹੀਂ ਰੱਖਦੇ, ਉਹ ਇਨ੍ਹਾਂ ਝੰਝਟਾ ਤੋਂ ਉਪਰ ਉਠ ਜਾਂਦਾ ਹੈ, ਤੇ ਉਹ ਬੇਗਮਪੁਰੇ ਦਾ ਵਾਸੀ ਬਣ ਜਾਂਦਾ ਹੈ।ਇਹ ਨਗਰ ਜਾਂ ਸ਼ਹਿਰ ਇਸ ਧਰਤੀ ਉਪਰ ਵੱਸਿਆ ਕੋਈ ਸ਼ਹਿਰ ਨਹੀਂ ਬਲਕਿ ਇਹ ਸਾਡੇ ਸਾਂਤ ਮਨ ਦੀ ਅਵਸਥਾ ਵਿਚ ਕਾਇਮ ਹੈ।ਮੋਹ ਮਾਇਆ ਅਤੇ ਅਨੇਕਾ ਵਿਕਾਰਾ ਵਿਚ ਫਸਿਆ ਮਨੁੱਖ 'ਬੇਗਮਪੁਰਾ' ਦੀ ਸਹਿਜ ਅਵਸਥਾਂ ਨੂੰ ਪ੍ਰਾਪਤ ਨਹੀਂ ਕਰ ਸਕਦਾ।ਸਹਿਜ ਅਵਸਥਾ ਦੀ ਪ੍ਰਾਪਤੀ ਹਿਤ ਜਾਂ ਫਿਰ ਇਸ ਅਦੱਭੁਤ ਸ਼ਹਿਰ ਦਾ ਵਾਸੀ ਬਣਨ ਲਈ ਪੂਰਨ ਗੁਰੂ ਦੀ ਸੰਗਤ ਅਤੇ ਗੁਰੂ ਸ਼ਬਦ ਦੀ ਕਮਾਈ ਲਾਜ਼ਮੀ ਹੈ। ਇਸੇ ਹੀ ਅਵਸਥਾ ਨੂੰ ਭਗਤ ਰਵਿਦਾਸ ਜੀ ਨੇ 'ਮੁਕਤੀ' (ਬੇਗਮਪੁਰਾ) ਦਾ ਨਾਂ ਦਿੱਤਾ ਹੈ।ਗੁਰੂ ਅਰਜਨ ਦੇਵ ਜੀ ਨੇ ਇਸੇ ਨੂੰ 'ਅਬਿਚਲ' ਨਗਰ ਕਿਹਾ ਹੈ।ਉਹ ਇਸ ਨਗਰੀ ਦਾ ਵਸਨੀਕ ਬਣ ਜਾਂਦਾ ਹੈ ਜਿਨ੍ਹੇ ਗੁਰ-ਪੂਰੇ ਨੂੰ ਸੇਵਿਆ ਹੋਵੇ

ਅਬਿਚਲ ਨਗਰੁ ਗੋਬਿੰਦ ਗੁਰੂ ਕਾ॥
ਨਾਮੁ ਜਪਤ ਸੁਖੁ ਪਾਇਅ ਰਾਮ॥

ਗੁਰੂ ਨਾਨਕ ਦੇਵ ਜੀ ਨੇ ਇਸ ਅਦੁੱਤੀ ਆਤਮਿਕ ਅਵਸਥਾ ਨੂੰ 'ਅਗਮਪੁਰੇ' ਦਾ ਨਾਮ ਦਿੱਤਾ ਹੈ ਉਥੇ ਪਹੁੰਚਣ ਦਾ ਮਾਰਗ ਵੀ ਦੱਸਿਆ ਹੈ।

ਤਿਤੁ ਅਗਮ ਤਿਤੁ ਅਗਮਪੁਰੇ
ਕਹੁ ਕਿਤੁ ਬਿਧਿ ਜਾਈਐ ਰਾਮ॥
ਸਚ ਸੰਜਮੋ ਸਾਰਿ ਗੁਣਾ
ਗੁਰ ਸਬਦ ਕਮਾਈਐ ਰਾਮ॥

ਸ਼ੁੱਭ ਗੁਣਾ ਦਾ ਸਾਰ, ਸੱਚ, ਸੰਜਮ ਦੇ ਧਾਰਨੀ ਹੋ ਕੇ ਸ਼ਬਦ ਦੀ ਕਮਾਈ ਕਰਕੇ ਮਨੁੱਖੀ ਜੀਵਨ ਦਾ ਮਨੋਰਥ ਸੱਚ ਖੰਡ, ਅਗਮਪੁਰੇ ਜਾ ਅਬਿਚਲ ਨਗਰ ਜਾ ਬੇਗਮਪੁਰਾ ਹੈ ਵਿਆਖਿਤ ਕੀਤਾ ਗਿਆ ਹੈ ਜਿਥੋਂ ਦੇ ਵਸਨੀਕ ਚਿੰਤਾ, ਮੁਕਤ, ਅਨੰਦ ਭਰਪੂਰ, ਭੈ-ਰਹਿਤ, ਬੇ-ਰੋਕ-ਟੋਕ ਹੋ ਕੇ ਵਿਚਰਦਾ ਹੈ। ਅਕਾਲ ਪੁਰਖ ਦੀ ਸਰਪ੍ਰਸਤੀ ਵਿੱਚ ਇਕਾਗਰ ਹੋ ਕੇ ਜੀਵਨ ਬਤੀਤ ਕਰਦਾ ਹੈ ਜੀਵਨ ਮੁਕਤ ਹੋ ਜਾਂਦਾ ਹੈ ਅਤੇ ਕਹਿ ਉਠਦਾ ਹੈ।

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦਹੁ ਨਹੀ ਤਿਹਿ ਠਾਉ॥

The Expression: An International Multidisciplinary e-Journal
(A Peer Reviewed and Indexed Journal with Impact Factor 6.4)
www.expressionjournal.com ISSN: 2395-4132

## ਹਵਾਲੇ ਅਤੇ ਟਿੱਪਣੀਆਂ

1. ਸਾਧਨ ਮੇ ਰਵਿਦਾਸ ਸੰਤ ਡਾ. ਦਲੀਪ ਸਿੰਘ ਦੀਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ। : ਪੰਨਾ-
2. ਆਦਿ ਗ੍ਰੰਥ : ਪੰਨਾ-733
3. -ਉਹੀ- : ਪੰਨਾ-487
4. -ਉਹੀ- : ਪੰਨਾ-791
5. ਸੰਸਕ੍ਰਿਤ ਸ਼ਬਦਾਰਥ ਕੋਸ਼ : ਪੰਨਾ-897
6. ਮਹਾਨ ਕੋਸ਼, ਭਾਈ ਕਾਹਨ ਸਿੰਘ ਨਾਭਾ : ਪੰਨਾ-734
7. ਆਦਿ ਗ੍ਰੰਥ : ਪੰਨਾ-93
8. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਤੇ ਨਿਰਗੁਣ ਧਾਰਾ : ਪੰਨਾ-153
9. ਸਿੰਗਲ ਧਰਮਪਾਲ, ਸੰਤ ਸ਼ਿਰੋਮਣੀ ਰਵਿਦਾਸ : ਪੰਨਾ-96
10. ਆਦਿ ਗ੍ਰੰਥ : ਪੰਨਾ-783
11. -ਉਹੀ- : ਪੰਨਾ-436

ਡਾ. ਗੁਰਜੀਤ ਸਿੰਘ, ਐਸੋਸੀਏਟ ਪ੍ਰੋਫੈਸਰ, ਹੈੱਡ ਆਫ ਡਿਪਾਰਟਮੈਂਟ, ਰਿਲੀਜੀਅਸ ਸਟੱਡੀਜ, ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸ ਐਂਡ ਹਿਊਮਨਿਟੀਜ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ।ਪੰਜਾਬ (9463322722)